# ਹਿੰਦੁਸਤਾਨ ਦੇ ਪਿੰਡਾਂ ਵਿਚ ਵਸਦੇ 70 ਫ਼ੀਸਦੀ ਲੋਕਾਂ ਦਾ ਬੁਰਾ ਹਾਲ

ਹਿੰਦੁਸਤਾਨੀ ਹਾਕਮ ਜਮਾਤਾਂ, ਉਨ੍ਹਾਂ ਦਾ ਰਾਜ ਤੰਤ੍ਰ ਅਤੇ ਸਰਕਾਰ ਰੋਜ਼ ਪ੍ਰਚਾਰ ਕਰਦੇ ਹਨ ਕਿ ਪਿਛਲੇ ਦਹਾਕੇ ਵਿਚ ਕੀਤੇ ਗਏ ਆਰਥਕ ਸੁਧਾਰਾਂ ਨਾਲ ਹਿੰਦੁਸਤਾਨ ਦਾ ਕਾਇਆ ਕਲਪ ਹੋ ਰਿਹਾ ਹੈ ਅਤੇ ਹਿੰਦੁਸਤਾਨ ਦੇ ਲੋਕ ਖ਼ੁਸ਼ਹਾਲੀ ਵੱਲ ਵੱਧ ਰਹੇ ਹਨ।

ਮੌਜੂਦਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਵੀ ਦਿਹਾਤੀ ਇਲਾਕਿਆਂ ਦੇ ਕਾਇਆ ਕਲਪ ਲਈ ਕਈ ਪਹਿਲਿਆਂ ਪ੍ਰਧਾਨ ਮੰਤਰੀਆਂ ਵਾਂਗ ਕਈ ਸਕੀਮਾਂ ਦਾ ਐਲਾਨ ਕੀਤਾ ਹੈ। ਸਰਕਾਰੀ ਪ੍ਰਚਾਰ ਅਨੁਸਾਰ ਦਸਿਆ ਜਾਂਦਾ ਹੈ ਕਿ ਇਨ੍ਹਾਂ ਸਕੀਮਾਂ ਨਾਲ ਦਿਹਾਤੀ ਇਲਾਕਿਆਂ ਨੂੰ ਬੜਾ ਫਾਇਦਾ ਹੋਵੇਗਾ। ਸਰਕਾਰ ਕਹਿੰਦੀ ਹੈ ਕਿ ਇਨ੍ਹਾਂ ਸਕੀਮਾਂ ਦੇ ਤਹਿਤ ਜਿਨ੍ਹਾਂ ਪਿੰਡਾ ਵਿਚ 1000 ਤੋਂ ਜ਼ਿਆਦਾ ਲੋਕ ਰਹਿੰਦੇ ਹਨ ਉਨ੍ਹਾਂ ਨੂੰ ਸੜਕਾਂ ਬਣਾ ਕੇ ਕਸਬਿਆਂ ਅਤੇ ਸ਼ਹਿਰਾਂ ਨਾਲ ਜੋੜ ਦਿਤਾ ਜਾਵੇਗਾ। ਪਰ 2001 ਦੀ ਮਰਦਮ ਸ਼ੁਮਾਰੀ ਮੁਤਾਬਿਕ ਹਿੰਦੁਸਤਾਨ ਦੇ 61ਫ਼ੀ ਸਦੀ ਪਿੰਡਾਂ ਦੀ ਅਬਾਦੀ 1000 ਤੋਂ ਘੱਟ ਲੋਕਾਂ ਦੀ ਹੈ। ਜ਼ਾਹਰ ਹੈ ਕਿ ਸਰਕਾਰ ਦੇ ਆਪਣੇ ਐਲਾਨ ਅਨੁਸਾਰ ਵੀ ਮੁਲਕ ਦੇ 61ਫ਼ੀ ਸਦੀ ਲੋਕਾਂ ਨੂੰ ਇਹਦਾ ਕੋਈ ਫ਼ਾਇਦਾ ਨਹੀਂ ਹੋਣ ਲੱਗਾਂ। ਸੋ, ਇਹ ਸਿਰਫ਼ ਵੋਟਾਂ ਲੈਣ ਲਈ ਇਕ ਸਿਆਸੀ ਸਟੰਟ ਹੈ ਜਿਹਦਾ ਪਿੰਡਾਂ ਦੇ ਲੋਕਾਂ ਦੀ ਭਲਾਈ ਨਾਲ ਕੋਈ ਤੁਅੱਲਕ ਨਹੀਂ।

ਪਿਛਲੇ ਦਹਾਕੇ ਵਿਚ ਖੇਤੀ ਬਾੜੀ ਉੱਤੇ ਸਰਕਾਰੀ ਖਰਚਾ ਮੁਲਕ ਦੀ ਸਾਰੀ ਪੂਦਾਵਾਰ ਦੇ 1.6 ਫੀ ਸਦੀ ਤੋਂ ਵੀ ਘਟ ਕੇ ਸਿਰਫ਼ 1.3 ਫੀ ਸਦੀ ਹੋ ਗਿਆ ਹੈ। ਖੇਤੀ ਵਿਚ ਪੈਦਾਇਸ਼ ਦੀ ਦਰ ਪਹਿਲਾਂ ਨਾਲੋਂ ਘਟ ਕੇ ਕੁਲ ਪੈਦਾਵਾਰ ਦਾ ਸਿਰਫ਼ 1.1 ਫੀ ਸਦੀ ਰਹਿ ਗਈ ਹੈ। ਇਕ ਖੋਜ ਮੁਤਾਬਿਕ ਦੱਸਿਆ ਗਿਆ ਹੈ ਕਿ ਲੋਕਾਂ ਨੂੰ ਮਿਲਣ ਵਾਲੇ ਅਨਾਜ ਦੀ ਮਾਤਰਾ ਦੀ ਦਰ ਘਟੀ ਹੈ ਅਤੇ ਉਸੇ ਹੀ ਪੱਧਰ ਤੇ ਆ ਗਈ ਹੈ ਜਿਥੇ ਕਿ ਇਹ 1950-51 ਵਿਚ ਸੀ। ਅਨਾਜ ਦੀ ਪੈਦਾਵਾਰ ਪਿਛਲੇ ਸਾਲਾਂ ਵਿਚ ਕੋਈ ਜ਼ਿਆਦਾ ਨਹੀਂ ਵਧੀ ਅਤੇ ਉਥੇ ਹੀ ਖੜੀ ਹੈ। ਇਕ ਅੰਤਰਰਾਸ਼ਟਰੀ ਏਜੰਸੀ (ਐਫ.ਏ.ਓ.) ਦੇ ਮੁਤਾਬਿਕ ਹਿੰਦੁਸਤਾਨ ਵਿਚ ਪਿਛਲੇ ਦਹਾਕੇ ਵਿਚ ਭੁੱਖਮਰੀ ਵਧੀ ਹੈ।

ਸਰਕਾਰ ਦੇ ਮੰਤਰੀ ਅਤੇ ਸਪੈਸ਼ਲਿਸਟ ਕਿਸਾਨਾਂ ਨੂੰ ਅਨਾਜ ਦੀ ਜਗ੍ਹਾ ਉਹ ਫਸਲਾਂ ਉਗਾਉਣ ਲਈ ਕਹਿ ਰਹੇ ਹਨ ਜਿਨ੍ਹਾਂ ਦੇ ਭਾਅ ਜ਼ਿਆਦਾ ਹਨ ਅਤੇ ਜਿਨ੍ਹਾਂ ਨਾਲ ਨਕਦ ਪੈਸੇ ਜ਼ਿਆਦਾ ਮਿਲ ਸਕਦੇ ਹਨ। ਇਹ ਵੀ ਇਕ ਲੋਕਾਂ ਵਿਚ ਭੁਲੇਖਾ ਪਾਉਣ ਦੀ ਹੀ ਗੱਲ ਹੈ ਕਿਉਂਕਿ ਸਰਕਾਰ ਹੀ ਅਨਾਜ ਦੀਆਂ ਕੀਮਤਾਂ ਮਿਥਦੀ ਕਰਦੀ ਹੈ ਅਤੇ ਜਿਸ ਹਿਸਾਬ ਨਾਲ ਭਾਅ ਬੰਨ੍ਹਦੀ ਹੈ ਉਸ ਨਾਲ ਛੋਟੇ ਕਿਸਾਨਾਂ ਦਾ ਘਾਣ ਹੋ ਰਿਹਾ ਹੈ। ਇਸ ਸਾਲ ਆਲੂ, ਕਪਾਹ ਅਤੇ ਝੋਨੇ ਦੀ ਫਸਲ ਦੇ ਭਾਅ ਬਹੁਤ ਘੱਟ ਰੱਖਣ ਨਾਲ ਕਿਸਾਨਾਂ ਦਾ ਬੁਰਾ ਹਾਲ ਹੋਇਆ ਹੈ। ਸਰਕਾਰ ਕਿਸਾਨਾਂ ਨੂੰ ਇਹ ਰਾਏ ਵੀ ਦਿੰਦੀ ਹੈ ਕਿ ਉਨ੍ਹਾਂ ਨੂੰ ਉਹ ਫਸਲਾਂ ਲਾਉਣੀਆਂ ਚਾਹੀਦੀਆਂ ਹਨ ਜਿਨ੍ਹਾਂ ਦੇ ਬੀਜਾਂ ਦੇ ਜੀਨਾਂ ਦਾ ਸੋਧ ਕੀਤਾ ਗਿਆ ਹੈ। ਪਰ ਇਸ ਬਾਰੇ ਕੋਈ ਜ਼ਿਆਦਾ ਖੋਜ ਨਹੀਂ ਕੀਤੀ ਗਈ ਅਤੇ ਇਹ ਬੀਜ ਦੂਸਰੇ ਬੀਜਾਂ ਅਤੇ ਫਸਲਾਂ ਲਈ ਮਾਰੂ ਵੀ ਸਾਬਤ ਹੋ ਸਕਦੇ ਹਨ। ਗੁਜਰਾਤ ਵਿਚ ਕਪਾਹ ਦੇ ਇਹੋ ਜਿਹੇ ਬੀਜਾਂ ਦੀ ਵਰਤੋਂ ਨਾਲ ਫਸਲਾਂ ਦਾ ਬਹੁਤ ਹੀ ਬੁਰਾ ਹਾਲ ਹੋਇਆ ਹੈ।

ਕਿਸਾਨਾਂ ਦੇ ਸਿਰ ਕਰਜ਼ੇ ਦੀ ਪੰਡ ਹਰ ਸਾਲ ਵਧਦੀ ਜਾ ਰਹੀ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ ਹਰ ਸਾਲ 20 ਲੱਖ ਛੋਟੇ ਕਿਸਾਨ ਕਰਜ਼ੇ ਦੇ ਭਾਰ ਹੇਠ ਆ ਕੇ ਆਪਣੀ ਜ਼ਮੀਨ ਵੇਚਣ ਲਈ ਮਜਬੂਰ ਹੋ ਰਹੇ ਹਨ। ਕਰਜ਼ੇ ਦੇ ਮਾਰੇ ਕਿਸਾਨ ਖ਼ੁਦਕਸ਼ੀਆਂ ਕਰ ਰਹੇ ਹਨ। ਆਂਧਰਾ ਪ੍ਰਦੇਸ਼ ਵਿਚ, ਜਿਹਨੂੰ ਆਲਮੀ ਬੈਂਕ ਅਤੇ ਹੋਰ ਸਾਮਰਾਜੀ ਏਜੰਸੀਆਂ ਤਰੱਕੀ ਦਾ ਇਕ ਨਮੂਨਾ ਦੱਸਦੀਆਂ ਨਹੀਂ ਥੱਕਦੀਆਂ ਸਨ, ਉਥੇ ਹਜ਼ਾਰਾਂ ਹੀ ਕਿਸਾਨਾਂ ਨੇ ਖ਼ੁਦਕਸ਼ੀਆਂ ਕੀਤੀਆਂ ਹਨ। ਇਸੇ ਤਰਾਂ ਹੋਰਨਾਂ ਸੂਬਿਆਂ ਵਿਚ ਵੀ ਕਿਸਾਨਾਂ ਨੇ ਕਰਜ਼ੇ ਅਤੇ ਗਰੀਬੀ ਤੋਂ ਮਜਬੂਰ ਹੋਕੇ ਖ਼ੁਦਕਸ਼ੀਆਂ ਕੀਤੀਆਂ ਹਨ। ਪਿੰਡਾਂ ਵਿਚ ਕਰਜ਼ੇ ਦਾ ਭਾਰ ਬੈਂਕਾਂ ਦੇ ਇਲਾਵਾ ਗੈਰ ਸਰਕਾਰੀ ਸੰਸਥਾਵਾਂ ਵੀ ਵਧਾ ਰਹੀਆਂ ਹਨ। ਮਿਸਾਲ ਦੇ ਤੌਰ ਤੇ ਛੋਟੇ ਕਰਜ਼ੇ ਦੇਣ ਦੀਆਂ ਸਕੀਮਾਂ ਤਹਿਤ ਛੋਟੇ ਛੋਟੇ ਕਾਰੋਬਾਰਾਂ ਲਈ ਲੋਕਾਂ ਨੂੰ 24 ਤੋਂ 36 ਫ਼ੀ ਸਦੀ ਦੀ ਦਰ ਦੇ ਵਿਆਜ ਉੱਤੇ ਪੈਸਾ ਉਧਾਰ ਦਿਤਾ ਜਾਂਦਾ ਹੈ ਅਤੇ ਕਰਜ਼ੇ ਦੇ ਜਾਲ ਵਿਚ ਫ਼ਸਾਇਆ ਜਾ ਰਿਹਾ ਹੈ।

ਇਕ ਪਾਸੇ ਹਿੰਦੁਸਤਾਨ ਦੇ ਪਿੰਡਾਂ ਦੇ ਲੋਕਾਂ ਦਾ ਇਹ ਭੈੜਾ ਹਾਲ ਹੈ ਪਰ ਦੂਜੇ ਪਾਸੇ ਵੱਡੇ ਧਨਾਢ ਜ਼ਿਮੀਂਦਾਰਾਂ ਦੀਆਂ ਜ਼ਮੀਨਾਂ ਅਤੇ ਦੌਲਤ ਬਹੁਤ ਵਧੇ ਹਨ। ਮਿਸਾਲ ਦੇ ਤੌਰ ਤੇ ਪੰਜਾਬ ਵਿਚ ਪਿੱਛੇ ਜਿਹੇ ਰੌਲਾ ਪਿਆ ਸੀ ਕਿ ਇਸ ਗੱਲ ਦੀ ਤਫ਼ਤੀਸ਼ ਕੀਤੀ ਜਾਵੇ ਕਿ ਪ੍ਰਕਾਸ਼ ਸਿੰਘ ਬਾਦਲ ਕੋਲ 7600 ਕਰੋੜ ਰੁਪਏ ਕਿਥੋਂ ਤੇ ਕਿਵੇਂ ਆਏ ਹਨ। ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਬੈਂਕਾਂ ਦੀ ਨੀਲਾਮੀ ਰਾਹੀਂ ਇਨ੍ਹਾਂ ਵੱਡੇ ਧਨਾਢ ਜ਼ਿਮੀਂਦਾਰਾਂ ਕੋਲ ਪਹੁੰਚ ਰਹੀਆਂ ਹਨ। ਆਜ਼ਾਦੀ ਦੇ ਬਾਅਦ ਪਿਛਲੇ 55 ਸਾਲਾਂ ਦਾ ਤਜਰਬਾ ਦੱਸਦਾ ਹੈ ਕਿ ਹਿੰਦੁਸਤਾਨ ਦੇ ਰਾਜ ਤੰਤ੍ਰ, ਸਰਕਾਰਾਂ ਅਤੇ ਸਿਆਸੀ ਪਾਰਟੀਆਂ ਦੀ ਪਿੰਡਾਂ ਦੇ ਲੋਕਾਂ ਦੇ ਇਸ ਭੈੜੇ ਹਾਲ ਨੂੰ ਸੁਧਾਰਨ ਵਿਚ ਕੋਈ ਦਿਲਚਸਪੀ ਨਹੀਂ। ਹਰੇਕ ਸਰਕਾਰ ਅਤੇ ਪਾਰਟੀ ਤਾਕਤ ਵਿਚ ਆਉਣ ਲਈ ਪਿੰਡਾਂ ਦੇ ਕਾਇਆ ਕਲਪ ਦੇ ਨਾਅਰੇ ਲਾਉਂਦੀ ਆਈ ਹੈ ਅਤੇ ਵਾਅਦੇ ਕਰਦੀ ਰਹੀ ਹੈ। ਪਰ ਪਿੰਡਾਂ ਦਾ ਹਾਲ ਅੱਗੇ ਨਾਲੋਂ ਵੀ ਭੈੜਾਂ ਹੁੰਦਾ ਜਾ ਰਿਹਾ ਹੈ। ਇਹ ਗੱਲ ਸਾਫ ਹੈ ਕਿ ਪਿੰਡਾ ਦੇ ਹਾਲ ਨੂੰ ਸੁਧਾਰਨ ਲਈ ਇਨ੍ਹਾਂ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਜਾਂ ਇਸ ਰਾਜ ਤੰਤਰ ਤੇ ਵਸਾਹ ਨਹੀਂ ਕੀਤਾ ਜਾ ਸਕਦਾ।

ਹੁਣ ਸੁਆਲ ਇਹ ਉੱਠਦਾ ਹੈ ਕਿ ਲੋਕ ਕੀ ਕਰਨ? ਆਜ਼ਾਦੀ ਤੋਂ ਪਹਿਲਾਂ ਅਤੇ ਪਿਛਲੇ 56 ਸਾਲ ਦੇ ਤਜਰਬੇ ਤੋਂ ਇਹ ਗੱਲ ਸਾਫ਼ ਹੈ ਕਿ ਲੋਕਾਂ ਨੂੰ ਆਪ ਹੀ ਆਪਣੀ ਤਾਕਤ ਅਤੇ ਏਕਤਾ ਤੇ ਨਿਰਭਰ ਹੋਕੇ ਇਸ ਮਸਲੇ ਦਾ ਹੱਲ ਕਰਨਾ ਪੈਣਾ ਹੈ। ਇਸ ਦੇ

ਇਲਾਵਾ ਕੋਈ ਚਾਰਾ ਨਹੀਂ। ਇਸ ਲਈ ਉਨ੍ਹਾਂ ਨੂੰ ਬੁਨਿਆਦੀ ਆਰਥਕ, ਸਿਆਸੀ ਅਤੇ ਸਮਾਜਿਕ ਰਿਸ਼ਤਿਆਂ ਵਿਚ ਤਬਦੀਲੀ ਲਿਆਉਣੀ ਪਵੇਗੀ। ਪਰ ਇਸ ਕੰਮ ਲਈ ਪਹਿਲਾਂ ਲੋਕਾਂ ਨੂੰ ਆਪ ਇਕੱਠੇ ਹੋਣਾ ਪੈਣਾ ਹੈ ਕਿਉਂਕਿ ਜਦੋਂ ਉਹੋ ਇਹ ਫੈਸਲੇ ਕਰਨ ਦੀ ਗੱਲ ਕਰਨਗੇ ਤਾਂ ਪੁਲਿਸ ਅਤੇ ਫੌਜ ਰਾਹੀਂ ਹਿੰਦੁਸਤਾਨੀ ਰਾਜ ਤੰਤ੍ਰ ਦਾ ਡੰਡਾ ਉਨ੍ਹਾਂ ਉਪਰ ਪਏਗਾ। ਇਹਦਾ ਮੁਕਾਬਲਾ ਕਰਨ ਲਈ ਇਕ ਸਿਆਸੀ ਲਹਿਰ ਚਲਾਉਣ ਦੀ ਲੋੜ ਹੈ। ਜਿੱਥੇ ਕਿਤੇ ਵੀ ਲੋਕਾਂ ਨੇ ਆਪਣੀ ਕਿਸਮਤ ਦੇ ਫੈਸਲੇ ਆਪਣੇ ਹੱਥ ਵਿਚ ਲੈਣ ਦੀ ਕੋਸ਼ਿਸ਼ ਕੀਤੀ ਹੈ ਉਥੇ ਹੀ ਹਿੰਦੁਸਤਾਨੀ ਰਾਜ ਤੰਤ੍ਰ ਨੇ ਇਨ੍ਹਾਂ ਲਹਿਰਾਂ ਨੂੰ ਡਾਂਗਾਂ ਅਤੇ ਗੋਲੀ ਸਿਕੇ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਹੈ।

ਪਰ ਹਾਲਾਤ ਮਜਬੂਰ ਕਰ ਰਹੇ ਹਨ ਤੇ ਦੱਸ ਰਹੇ ਹਨ ਕਿ ਇਨ੍ਹਾਂ ਤਬਦੀਲੀਆਂ ਦੇ ਬਗੈਰ ਲੋਕਾਂ ਦਾ ਹਾਲ ਸੁਧਰ ਨਹੀਂ ਸਕਦਾ। ਪੈਸੇ ਦੇ ਜ਼ੋਰ ਨਾਲ ਸੱਤਾ ਨੂੰ ਫੜੀ ਬੈਠੀਆਂ ਤਾਕਤਾਂ ਕਹਿੰਦੀਆਂ ਹਨ ਕਿ ਉਹ ਹਰ ਉਸ ਤਬਦੀਲੀ ਦੇ ਵਿਰੋਧ ਵਿਚ ਹਨ ਜਿਸ ਨਾਲ ਲੋਕਾਂ ਦਾ ਭਲਾ ਹੋਵੇ। ਇਕ ਪਾਸੇ ਪਿੰਡਾਂ ਅਤੇ ਸ਼ਹਿਰਾਂ ਦੇ ਦੱਬੇ ਕੁਚਲੇ ਲੋਕ ਹਨ ਤੇ ਦੂਜੇ ਪਾਸੇ ਪੈਸੇ ਅਤੇ ਡੰਡੇ ਦਾ ਜ਼ੋਰ ਹੈ। ਇਨ੍ਹਾਂ ਦੋਹਾਂ ਤਾਕਤਾਂ ਵਿਚ ਕੋਈ ਸਮਝੌਤਾ ਮੁਮਕਿਨ ਨਹੀਂ ਹੋ ਸਕਦਾ। ਲੋਕਾਂ ਨੂੰ ਆਪਣੀ ਮੁਕਤੀ ਲਈ ਇਹ ਘੋਲ ਚਲਾਉਣਾ ਹੀ ਪੈਣਾ ਹੈ। ਪਿੰਡਾਂ ਦੀ ਵਸੋਂ ਨੂੰ, ਜੋ ਕਿ ਹਿੰਦੁਸਤਾਨ ਦੀ ਵਸੋਂ ਦੀ 70 ਫੀ ਸਦੀ ਹਿੱਸਾ ਹੈ, ਸ਼ਹਿਰਾਂ ਅਤੇ ਕਸਬਿਆਂ ਦੇ ਮਿਹਨਤਕਸ਼, ਰੌਸ਼ਨ ਖ਼ਿਆਲ ਅਤੇ ਦੇਸ਼ ਭਗਤ ਤਾਕਤਾਂ ਨਾਲ ਜੋ ਇਕ ਨਵੀਂ ਉਸਾਰੀ ਲਈ ਸੰਘਰਸ਼ ਕਰ ਰਹੀਆਂ ਹਨ, ਇਕ ਮੁੱਠ ਹੋਕੇ ਨਵੇਂ ਰਿਸ਼ਤੇ ਕਾਇਮ ਕਰਣ ਲਈ ਜੱਦੋ-ਜਹਿਦ ਚਲਾਉਣ ਦੀ ਲੋੜ ਹੈ। ਇਸ ਸੰਘਰਸ਼ ਦਾ ਇਕ ਅਹਿਮ ਹਿੱਸਾ ਇਹ ਵੀ ਹੋ ਸਕਦਾ ਹੈ ਕਿ ਪਿੰਡਾਂ ਦੇ ਲੋਕ ਸਾਰੇ ਹੀ ਸਾਧਨਾਂ ਨੂੰ ਆਪਣੇ ਹੱਥ ਵਿਚ ਲੈ ਕੇ ਉਨ੍ਹਾਂ ਬਾਰੇ ਆਪ ਫੈਸਲੇ ਕਰਨ ਵੱਲ ਤੁਰਨ। ਜਿੰਨਾਂ ਚਿਰ ਇਹ ਫੈਸਲੇ ਸਰਕਾਰ ਜਾਂ ਮੰਡੀ ਦੇ ਹੱਥਾਂ ਵਿਚ ਹਨ ਉੱਨਾਂ ਚਿਰ ਲੋਕਾਂ ਦੀ ਹਾਲਤ ਸੁਧਰ ਨਹੀਂ ਸਕਦੀ।

ਪਿੰਡਾਂ ਦੇ ਲੋਕਾਂ ਨੂੰ ਪਿੰਡ ਦੇ ਸਾਧਨਾਂ ਬਾਰੇ ਸਾਰੇ ਫੈਸਲੇ ਆਪਣੇ ਹੱਥ ਵਿਚ ਲੈਣ ਦੀ ਲੋੜ ਹੈ। ਇਹ ਇਕ ਵੱਡੇ ਸੰਘਰਸ਼ ਰਾਹੀਂ ਹੀ ਉਨ੍ਹਾਂ ਦੇ ਹੱਥ ਵਿਚ ਆ ਸਕਦੇ ਹਨ। ਇਹ ਜੱਦੋ-ਜਹਿਦ ਇਕ ਨਵੀਂ ਸਿਆਸੀ ਪ੍ਰਣਾਲੀ, ਅਰਥ ਢਾਂਚਾ ਅਤੇ ਨਵੇਂ ਰਾਜ ਤੰਤਰ ਦੀ ਉਸਾਰੀ ਦਾ ਅਨਿਖੜਵਾਂ ਹਿੱਸਾ ਹੈ। ਸਿਰਫ਼ ਲੋਕ ਹੀ ਆਪਣੀ ਤਾਕਤ ਅਤੇ ਏਕੇ ਨਾਲ ਇਸ ਕੰਮ ਨੂੰ ਸਿਰੇ ਚੜ੍ਹਾ ਸਕਦੇ ਹਨ।